# nbn™ ਨੈੱਟਵਰਕ ਲਈ ਤੁਹਾਡੀ ਗਾਈਡ



# ਵਿਸ਼ਾ-ਸੂਚੀ


nbn™ ਨੈੱਟਵਰਕ ਕੀ ਹੈ? 4

ਕੀ ਮੈਨੂੰ ਜੁੜਨ (ਕਨੈਕਟ ਕਰਨ) ਦੀ ਲੋੜ ਹੈ? 5

ਮੈਂ ਕਿਵੇਂ ਜੁੜਾਂ? 6

ਆਪਣੇ ਘਰ ਵਾਲੇ ਇੰਟਰਨੈੱਟ ਸੈੱਟਅੱਪ ਦਾ ਵੱਧ ਤੋਂ ਵੱਧ ਲਾਹਾ ਲਓ 8

ਸਾਜ਼ੋ-ਸਾਮਾਨ ਦੇ ਸੁਮੇਲ ਬਾਰੇ ਮਹੱਤਵਪੂਰਣ ਜਾਣਕਾਰੀ 10

ਆਪਣੇ ਆਪ ਨੂੰ ਘੋਟਾਲਿਆਂ ਤੋਂ ਬਚਾਓ 12




# nbn™ ਨੈੱਟਵਰਕ ਕੀ ਹੈ?

**nbn**™ ਨੈੱਟਵਰਕ ਉਹ ਬੁਨਿਆਦੀ ਢਾਂਚਾ ਹੈ ਜਿਸਦੀ ਵਰਤੋਂ ਫ਼ੋਨ ਅਤੇ ਇੰਟਰਨੈੱਟ ਪ੍ਰਦਾਤਿਆਂ ਦੁਆਰਾ ਤੁਹਾਨੂੰ **nbn**™ ਤੋਂ ਸੰਚਾਲਨ ਵਾਲੀ ਯੋਜਨਾ ਨਾਲ ਜੋੜਨ ਲਈ ਕੀਤੀ ਜਾਵੇਗੀ। ਇਸ ਨੂੰ ਲਾਗੂ ਕਰਨਾ ਆਸਟ੍ਰੇਲੀਆ ਦੇ ਵਧੇਰੇ ਲੋਕਾਂ ਨੂੰ ਤੇਜ਼ ਬਰੌਡਬੈਂਡ ਤੱਕ ਪਹੁੰਚ ਕਰਵਾਉਣ ਲਈ ਵਿਉਂਤਿਆ ਗਿਆ ਹੈ।





# ਕੀ ਮੈਨੂੰ ਜੁੜਨ (ਕਨੈਕਟ ਕਰਨ) ਦੀ ਲੋੜ ਹੈ?

**nbn**™ ਨੈੱਟਵਰਕ ਬਹੁਤੇ ਮੌਜੂਦਾ ਲੈਂਡਲਾਈਨ ਫ਼ੋਨਾਂ ਅਤੇ ਇੰਟਰਨੈੱਟ ਨੈੱਟਵਰਕਾਂ ਦੀ ਥਾਂ ਲੈ ਰਿਹਾ ਹੈ, ਇਸ ਲਈ ਬਹੁਤੇ ਲੋਕਾਂ ਨੂੰ ਇਸ ਨਾਲ ਜੁੜਨ ਦੀ ਲੋੜ ਪਵੇਗੀ – ਭਾਂਵੇਂ ਕਿ ਤੁਸੀਂ ਕੇਵਲ ਲੈਂਡਲਾਈਨ ਵਾਲੇ ਫ਼ੋਨ ਦੀ ਵਰਤੋਂ ਕਰਦੇ ਹੋ।*

### ਸਾਰੀਆਂ ਸੇਵਾਵਾਂ ਪ੍ਰਭਾਵਿਤ ਨਹੀਂ ਹੋਣਗੀਆਂ

ਹਾਲਾਂਕਿ ਬਹੁਤੀਆਂ ਮੌਜੂਦਾ ਸੇਵਾਵਾਂ ਨੂੰ **nbn**™ ਨੈੱਟਵਰਕ ਦੁਆਰਾ ਬਦਲ ਦਿੱਤਾ ਜਾਵੇਗਾ, ਪਰ ਕੁਝ ਸੇਵਾਵਾਂ ਹਨ ਜਿੰਨ੍ਹਾਂ ਨੂੰ ਪ੍ਰਭਾਵਿਤ ਨਹੀਂ ਹੋਣਾ ਚਾਹੀਦਾ। ਇਹਨਾਂ ਵਿੱਚ ਗੈਰ- **nbn**™ ਫਾਈਬਰ ਦੇ ਨੈੱਟਵਰਕਾਂ, ਕੁਝ ਅਪਾਰਟਮੈਂਟ ਕੰਪਲੈਕਸਾਂ ਦੀਆਂ ਕੁਝ ਸੇਵਾਵਾਂ, ਅਤੇ ਕੁਝ ਕਾਰੋਬਾਰ ਅਤੇ ਵਿਸ਼ੇਸ਼ ਸੇਵਾਵਾਂ ਸ਼ਾਮਲ ਹਨ। ਜੇ ਤੁਸੀਂ **nbn**™ Sky Muster™ ਜਾਂ ਫਿਕਸਡ ਵਾਇਰਲੈੱਸ ਪ੍ਰਾਪਤ ਕਰਨ ਵਾਲੇ ਖੇਤਰ ਵਿੱਚ ਰਹਿੰਦੇ ਹੋ, ਤਾਂ ਤੁਹਾਡੇ ਕੋਲ ਆਪਣੀਆਂ ਸੇਵਾਵਾਂ ਨੂੰ ਮੌਜੂਦਾ ਤਾਂਬੇ (ਕਾਪਰ) ਦੇ ਨੈੱਟਵਰਕ ਉੱਤੇ ਸਰਗਰਮ ਰੱਖਣ ਦਾ ਵਿਕਲਪ ਹੋਵੇਗਾ। ਇਹ ਖਾਸ ਕਰਕੇ ਮਹੱਤਵਪੂਰਣ ਹੈ ਜੇਕਰ ਤੁਹਾਨੂੰ ਆਪਣੇ ਪਤੇ ਉੱਤੇ ਚੰਗੀ ਤਰ੍ਹਾਂ ਮੋਬਾਈਲ ਦੀ ਕਵਰੇਜ਼ ਨਹੀਂ ਮਿਲਦੀ ਹੈ।

**nbn** ਸਿਫਾਰਸ਼ ਕਰਦਾ ਹੈ ਕਿ ਤੁਸੀਂ ਜਿੰਨੀ ਜਲਦੀ ਸੰਭਵ ਹੋਵੇ ਆਪਣੇ ਫ਼ੋਨ ਅਤੇ ਇੰਟਰਨੈੱਟ ਪ੍ਰਦਾਤਿਆਂ ਨਾਲ ਸੰਪਰਕ ਕਰੋ, ਤਾਂ ਜੋ ਇਹ ਪਤਾ ਲਗਾਇਆ ਜਾ ਸਕੇ, ਕਿ ਕੀ ਤੁਹਾਡੀਆਂ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ। ਵਧੇਰੇ ਜਾਣਕਾਰੀ ਵਾਸਤੇ, **nbn.com.au/switchoff** ਉੱਤੇ ਜਾਓ

ਇਹ ਜਾਂਚ ਕਰਨ ਲਈ ਕਿ ਤੁਹਾਡਾ ਘਰ ਜੁੜਨ (ਕਨੈਕਟ ਕਰਨ) ਲਈ ਤਿਆਰ ਹੈ, **nbn.com.au/check** ਉੱਤੇ ਜਾਓ

*nbn™ ਨੈੱਟਵਰਕ ਉੱਤੇ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਬਹੁਤੀਆਂ ਮੌਜੂਦਾ ਲੈਂਡਲਾਈਨ ਨੈੱਟਵਰਕਾਂ ਉੱਤੇ ਪ੍ਰਦਾਨ ਕੀਤੀਆਂ ਫ਼ੋਨ ਅਤੇ ਇੰਟਰਨੈੱਟ ਸੇਵਾਵਾਂ ਨੂੰ ਬਦਲ ਦੇਣਗੀਆਂ, ਜਿਸ ਵਿੱਚ ਤਾਂਬੇ ਅਤੇ ਸਥਿਰ ਲਾਈਨ ਦੇ ਖੁਰਾ ਖੋਜ ਦੇ ਅੰਦਰ ਜ਼ਿਆਦਾਤਰ HFC ਨੈੱਟਵਰਕ ਸ਼ਾਮਲ ਹਨ। ਬੰਦ ਹੋਣ ਦੀ ਤਰੀਕ ਬਦਲਣ ਦੇ ਅਧੀਨ ਹੈ। ਵਧੇਰੇ ਜਾਣਕਾਰੀ ਵਾਸਤੇ, nbn.com.au/switchoff ਉੱਤੇ ਜਾਓ

# ਮੈਂ ਕਿਵੇਂ ਜੁੜਾਂ?

ਤੁਹਾਨੂੰ ਕਿਸੇ ਫ਼ੋਨ ਅਤੇ ਇੰਟਰਨੈੱਟ ਪ੍ਰਦਾਤਾ ਨਾਲ ਸੰਪਰਕ ਕਰਨ ਅਤੇ ਹੇਠਾਂ ਦਿੱਤੇ ਕਦਮਾਂ ਦੀ ਵਰਤੋਂ ਕਰਕੇ **nbn**™ ਤੋਂ ਸੰਚਾਲਿਤ ਯੋਜਨਾ ਦਾ ਆਰਡਰ ਦੇਣ ਦੀ ਲੋੜ ਹੋਵੇਗੀ।

## ਆਪਣੇ ਫ਼ੋਨ ਅਤੇ ਇੰਟਰਨੈੱਟ ਨੂੰ ਜੋੜਨਾ

**ਇਹ ਜਾਂਚ ਕਰੋ** ਕਿ ਤੁਸੀਂ ਰੁਝੇਵੇਂ ਭਰੇ ਸਮੇਂ (ਸ਼ਾਮ 7 ਵਜੇ – ਰਾਤ 11 ਵਜੇ) ਦੌਰਾਨ ਇੰਟਰਨੈੱਟ ਦੀ ਵਰਤੋਂ ਕਿਵੇਂ ਕਰਦੇ ਹੋ, ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਕਿੰਨੀਆਂ ਡੀਵਾਈਸਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਅਤੇ ਇਹਨਾਂ ਦੀ ਵਰਤੋਂ ਕਿਵੇਂ ਕੀਤੀ ਜਾ ਰਹੀ ਹੈ।

ਕਿਸੇ ਪ੍ਰਦਾਤਾ ਦੀ ਮਦਦ ਨਾਲ ਸਹੀ ਗਤੀ ਵਾਲੀ ਯੋਜਨਾ ਦੀ **ਚੋਣ** ਕਰੋ।

ਆਪਣੇ ਪ੍ਰਦਾਤਾ ਦੀ ਸਹਾਇਤਾ ਨਾਲ **ਜੁੜੋ** ਅਤੇ ਪੰਨਾ 8 ਉੱਤੇ ਸੁਝਾਵਾਂ ਦੀ ਵਰਤੋਂ ਕਰਕੇ ਆਪਣੇ ਅਨੁਭਵ ਨੂੰ ਵਧੀਆ ਬਣਾਓ।

## ਕੇਵਲ ਆਪਣੇ ਫ਼ੋਨ ਨੂੰ ਜੋੜਨਾ

ਤੁਹਾਨੂੰ ਕਿਸੇ ਪ੍ਰਦਾਤਾ ਦੀ ਮਦਦ ਨਾਲ ਕੇਵਲ ਫ਼ੋਨ ਵਾਲੀਆਂ ਸੇਵਾਵਾਂ ਲਈ ਢੁਕਵੀਂ ਯੋਜਨਾ ਚੁਣਨ ਦੀ ਲੋੜ ਪਵੇਗੀ। ਸਭ ਤੋਂ ਵੱਧ ਸੰਭਾਵਨਾ ਹੈ ਕਿ ਇਹ 'ਮੁੱਢਲੀ ਸ਼ਾਮ ਦੀ ਗਤੀ (ਬੇਸਿਕ ਈਵਨਿੰਗ ਸਪੀਡ)' ਦੇ ਸਤਰ ਉੱਤੇ ਆਧਾਰਿਤ ਹੋਵੇਗੀ।

ਤੁਹਾਡੇ ਖੇਤਰ ਵਿੱਚ ਪ੍ਰਦਾਤਿਆਂ ਦੀ ਪੂਰੀ ਸੂਚੀ ਵਾਸਤੇ, nbn.com.au/providers ਉੱਤੇ ਜਾਓ



## ਤੁਹਾਡਾ ਫ਼ੋਨ ਅਤੇ ਇੰਟਰਨੈੱਟ ਪ੍ਰਦਾਤਾ ਉਹ ਪ੍ਰਚੂਨ ਵਿਕਰੇਤਾ ਹੈ ਜੋ:

- ਤੁਹਾਡੀਆਂ ਲੋੜਾਂ ਦੇ ਅਨੁਸਾਰ ਯੋਜਨਾ ਚੁਣਨ ਵਿੱਚ ਤੁਹਾਡੀ ਮਦਦ ਕਰਦਾ ਹੈ
- ਤੁਹਾਡੇ ਘਰ ਨੂੰ ਜੋੜਨ ਲਈ ਤਰੀਕ ਦਾ ਇੰਤਜ਼ਾਮ ਕਰਦਾ ਹੈ
- ਸੁਮੇਲ ਕਰਦਾ **nbn**™ ਮੋਡਮ ਪ੍ਰਦਾਨ ਕਰਦਾ ਹੈ ਜਾਂ ਸਿਫ਼ਾਰਸ਼ ਕਰਦਾ ਹੈ
- ਇਸ ਬਾਰੇ ਹਿਦਾਇਤਾਂ ਪ੍ਰਦਾਨ ਕਰਦਾ ਹੈ ਕਿ ਕਿਵੇਂ ਜੁੜਨਾ ਹੈ
- ਇਕ ਵਾਰ ਜੁੜਨ ਤੋਂ ਬਾਅਦ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰਦਾ ਹੈ।

## nbn ਇੱਕ ਥੋਕ ਵਿਕਰੇਤਾ ਹੈ ਜੋ:

- **nbn**™ ਨੈੱਟਵਰਕ ਬਨਾਉਣ ਵਾਲੇ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਦਾ ਹੈ ਅਤੇ ਇਸਦੀ ਸਾਂਭ-ਸੰਭਾਲ ਕਰਦਾ ਹੈ
- ਫ਼ੋਨ ਅਤੇ ਇੰਟਰਨੈੱਟ ਪ੍ਰਦਾਤਿਆਂ ਨੂੰ ਬਰੌਡਬੈਂਡ ਸੇਵਾਵਾਂ ਪ੍ਰਦਾਨ ਕਰਦਾ ਹੈ
- ਫ਼ੋਨ ਅਤੇ ਇੰਟਰਨੈੱਟ ਸੇਵਾਵਾਂ ਨੂੰ ਸਿੱਧਾ ਜਨਤਾ ਨੂੰ ਨਹੀਂ ਵੇਚਦਾ ਹੈ।



# ਆਪਣੇ ਘਰ ਦੇ ਇੰਟਰਨੈੱਟ ਸੈੱਟਅੱਪ ਦਾ ਵੱਧ ਤੋਂ ਵੱਧ ਲਾਹਾ ਲਓ

ਇਕ ਵਾਰ ਜਦ ਤੁਸੀਂ ਜੁੜ ਜਾਂਦੇ ਹੋ, ਤਾਂ ਆਪਣੇ ਅਨੁਭਵ ਨੂੰ ਵਧੀਆ ਬਨਾਉਣ ਵਿੱਚ ਮਦਦ ਕਰਨ ਲਈ ਹੇਠਾਂ ਦਿੱਤੇ ਸੁਝਾਵਾਂ ਦੀ ਵਰਤੋਂ ਕਰੋ।*

### ਆਪਣੀ Wi-Fi ਕਵਰੇਜ਼ ਬਾਰੇ ਵਿਚਾਰ ਕਰੋ

ਤੁਸੀਂ ਆਪਣੇ ਮੋਡਮ ਦੇ ਜਿੰਨਾ ਨੇੜੇ ਹੁੰਦੇ ਹੋ, ਤੁਹਾਡਾ ਸਿਗਨਲ ਬਿਹਤਰ ਹੋਣ ਦੀ ਉਨੀਂ ਸੰਭਾਵਨਾ ਹੈ। ਆਪਣੀ ਮੋਡਮ ਨੂੰ ਕਿਸੇ ਉੱਚੀ ਸਥਿਤੀ ਵਿੱਚ ਰੱਖੋ, ਅਤੇ ਇਸ ਨੂੰ ਕਿਸੇ ਟੀਵੀ ਦੇ ਪਿੱਛੇ ਜਾਂ ਅਲਮਾਰੀ ਵਿੱਚ ਲੁਕਾਉਣ ਤੋਂ ਬਚੋ, ਕਿਉਂਕਿ ਇਹ ਜਗ੍ਹਾਵਾਂ ਇਸ ਦੇ ਸਿਗਨਲ ਨੂੰ ਕਮਜ਼ੋਰ ਬਣਾ ਸਕਦੀਆਂ ਹਨ। ਪੱਕੀਆਂ ਕੰਧਾਂ, ਫਰਿੱਜਾਂ, ਅਤੇ ਫਰਨੀਚਰ ਵੀ ਤੁਹਾਡੇ ਸਿਗਨਲ ਨੂੰ ਰੋਕ ਸਕਦੇ ਹਨ। ਕਮਜ਼ੋਰ ਸਿਗਨਲ ਵਾਲੇ ਖੇਤਰਾਂ ਵਿੱਚ, Wi-Fi ਐਕਸਟੈਂਡਰ ਦੀ ਵਰਤੋਂ ਕਰਨ ਜਾਂ ਆਪਣੇ ਟੀਵੀ ਵਰਗੀਆਂ ਫਿਕਸਡ ਡਿਵਾਈਸਾਂ ਨੂੰ ਸਿੱਧਾ ਆਪਣੀ ਮੋਡਮ ਨਾਲ ਜੋੜਨ ਬਾਰੇ ਵਿਚਾਰ ਕਰੋ।

### ਦਖਲਅੰਦਾਜ਼ੀ ਤੋਂ ਬਚਾਅ ਕਰੋ

ਮਾਈਕਰੋਵੇਵ, ਵਾਇਰਲੈੱਸ ਸੁਰੱਖਿਆ ਪ੍ਰਣਾਲੀਆਂ ਅਤੇ ਬਿਨਾਂ ਤਾਰ ਵਾਲੇ ਫ਼ੋਨ ਵਰਗੀਆਂ ਬਿਜਲੀ ਦੀਆਂ ਚੀਜ਼ਾਂ ਵਾਇਰਲੈੱਸ ਦੇ ਸਿਗਨਲਾਂ ਵਿੱਚ ਦਖਲ ਦੇ ਸਕਦੀਆਂ ਹਨ, ਇਸ ਲਈ ਉਹਨਾਂ ਨੂੰ ਆਪਣੀ ਮੋਡਮ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰੋ।

### ਆਪਣੇ ਸਾਜ਼ੋ-ਸਾਮਾਨ ਦੀ ਗੁਣਵੱਤਾ ਦੀ ਜਾਂਚ ਕਰੋ

ਇਹਨਾਂ ਵਿੱਚ ਪਈਆਂ ਗੰਢਾਂ, ਮੁੜੀਆਂ ਜਾਂ ਘਸੀਆਂ ਹੋਈਆਂ ਮੋਡਮ ਦੀਆਂ ਕੇਬਲਾਂ ਤੁਹਾਡੇ ਪ੍ਰਦਰਸ਼ਨ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਇਸ ਲਈ ਇਹਨਾਂ ਨੂੰ ਬਦਲਣ ਬਾਰੇ ਵਿਚਾਰ ਕਰੋ। ਤੁਹਾਨੂੰ ਹਮੇਸ਼ਾ ਕਿਸੇ ਵੀ ਨਵੇਂ ਸਾਜ਼ੋ-ਸਾਮਾਨ ਦੇ ਨਾਲ ਸਪਲਾਈ ਕੀਤੀਆਂ ਕੇਬਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਅਤੇ ਇਹ ਜਾਂਚ ਕਰਨੀ ਚਾਹੀਦੀ ਹੈ ਕਿ ਤੁਹਾਡੇ ਕੋਲ ਆਪਣੇ ਪ੍ਰਦਾਤਾ ਵੱਲੋਂ ਮਿਲਿਆ ਮੋਡਮ ਦਾ ਸਭ ਤੋਂ ਨਵਾਂ ਮਾਡਲ ਹੈ।

### ਆਪਣੀਆਂ ਤਾਰਾਂ ਦੀਆਂ ਚੋਣਾਂ ਦੀ ਸਮੀਖਿਆ ਕਰੋ

ਜੇ ਤੁਹਾਡਾ ਘਰ ਪੁਰਾਣਾ ਹੈ, ਤਾਂ ਤੁਹਾਡੇ ਘਰ ਵਿੱਚ ਤਾਰਾਂ ਦੀ ਗੁਣਵੱਤਾ ਦਾ ਮੁਲਾਂਕਣ ਕਰਨ ਲਈ ਇਕ ਪੰਜੀਕਿਰਤ ਕੇਬਲਰ ਨੂੰ ਬੁਲਾਉਣਾ ਲਾਭਦਾਇਕ ਹੋ ਸਕਦਾ ਹੈ।

### ਪੁਰਾਣੀਆਂ ਡਿਵਾਈਸਾਂ ਨੂੰ ਬੰਦ ਕਰੋ

ਕੁਝ ਕੁ ਕੰਪਿਊਟਰ, ਪ੍ਰਿੰਟਰ ਅਤੇ ਮੋਬਾਈਲ ਫ਼ੋਨ, ਜੋ ਦਸ ਸਾਲ ਤੋਂ ਵਧੇਰੇ ਪੁਰਾਣੇ ਹਨ, ਤੁਹਾਡੇ ਘਰ ਵਿੱਚ ਤੁਹਾਡੀ ਮੋਡਮ ਅਤੇ ਹੋਰ ਡੀਵਾਈਸਾਂ ਵਿਚਕਾਰ ਕਨੈਕਸ਼ਨ ਦੀ ਗਤੀ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਹਨਾਂ ਡਿਵਾਈਸਾਂ ਨੂੰ ਉਸ ਸਮੇਂ ਬੰਦ ਕਰਨ ਬਾਰੇ ਵਿਚਾਰ ਕਰੋ ਜਦੋਂ ਇਨ੍ਹਾਂ ਨੂੰ ਵਰਤਿਆ ਨਾ ਜਾ ਰਿਹਾ ਹੋਵੇ, ਜਾਂ ਜੇ ਤੁਸੀਂ ਚਾਹੁੰਦੇ ਹੋ ਕਿ ਇਹ ਹਰ ਸਮੇਂ ਚੱਲਦੀਆਂ (ਆਨ) ਰਹਿਣ ਤਾਂ ਇਹਨਾਂ ਨੂੰ ਨਵੇਂ ਨਾਲ ਬਦਲਣ ਬਾਰੇ ਵਿਚਾਰ ਕਰੋ।

## ਵਧੇਰੇ ਜਾਣਕਾਰੀ ਵਾਸਤੇ, nbn.com.au/optimisation ਉੱਤੇ ਜਾਓ

*ਤੁਹਾਡਾ ਤਜ਼ਰਬਾ, ਜਿਸ ਵਿੱਚ nbn™ ਨੈੱਟਵਰਕ ਉੱਤੇ ਅਸਲ ਵਿੱਚ ਪ੍ਰਾਪਤ ਕੀਤੀਆਂ ਗਤੀਆਂ ਵੀ ਸ਼ਾਮਲ ਹਨ, nbn™ ਦੀ ਉਸ ਤਕਨਾਲੋਜੀ ਅਤੇ ਸੰਰਚਨਾ ਉੱਤੇ ਨਿਰਭਰ ਕਰਦਾ ਹੈ, ਜਿਸ ਉੱਤੇ ਤੁਹਾਡੀ ਇਮਾਰਤ ਵਿੱਚ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਇਹ ਕੀ ਕਿ ਤੁਸੀਂ ਰੁਝੇਵੇਂ ਭਰੇ ਸਮੇਂ ਦੌਰਾਨ ਇੰਟਰਨੈੱਟ ਦੀ ਵਰਤੋਂ ਕਰ ਰਹੇ ਹੋ, ਅਤੇ nbn ਦੇ ਕੰਟਰੋਲ ਤੋਂ ਬਾਹਰ ਕੁਝ ਕਾਰਕ (ਜਿਵੇਂ ਕਿ ਤੁਹਾਡੇ ਉਪਕਰਣਾਂ ਦੀ ਗੁਣਵੱਤਾ, ਸੌਫਟਵੇਅਰ, ਬਰੌਡਬੈਂਡ ਦੀ ਯੋਜਨਾ, ਸਿਗਨਲ ਦਾ ਰਿਸੈਪਸ਼ਨ ਅਤੇ ਇਹ ਕਿ ਤੁਹਾਡਾ ਫੋਨ ਅਤੇ ਇੰਟਰਨੈੱਟ ਪ੍ਰਦਾਤਾ ਆਪਣੇ ਨੈੱਟਵਰਕ ਨੂੰ ਕਿਵੇਂ ਵਿਉਂਤਦਾ ਹੈ)।

# ਸਾਜ਼ੋ-ਸਾਮਾਨ ਦੇ ਸੁਮੇਲ ਬਾਰੇ ਮਹੱਤਵਪੂਰਣ ਜਾਣਕਾਰੀ

ਹੋ ਸਕਦਾ ਹੈ ਕਿ ਹੇਠ ਲਿਖਿਆ ਸਾਜ਼ੋ-ਸਾਮਾਨ **nbn**™ ਨੈੱਟਵਰਕ ਉੱਤੇ ਤੁਹਾਡੀ ਸੇਵਾ ਦੇ ਸੁਮੇਲ ਦਾ ਨਾ ਹੋਵੇ।*

- ਡਾਕਟਰੀ ਅਲਾਰਮ, ਆਪਣੇ ਆਪ ਫੋਨ ਡਾਇਲ ਕਰਨ ਵਾਲੀ ਡਿਵਾਇਸ, ਅਤੇ ਸੰਕਟ ਵੇਲੇ ਸਹਾਇਤਾ ਬੁਲਾਉਣ ਵਾਲਾ ਬਟਨ
- ਨਿਗਰਾਨੀ ਕੀਤੇ ਫਾਇਰ ਅਲਾਰਮ ਅਤੇ ਸੁਰੱਖਿਆ ਅਲਾਰਮ
- ਲਿਫਟ ਵਾਲੇ ਸੰਕਟ ਦੇ ਸਮੇਂ ਵਾਲੇ ਫ਼ੋਨ
- ਫੈਕਸ ਮਸ਼ੀਨਾਂ ਅਤੇ TTY ਦਾ ਸਾਜ਼ੋ-ਸਾਮਾਨ
- EFTPOS ਮਸ਼ੀਨਾਂ ਅਤੇ ATM



### ਤੁਹਾਨੂੰ ਕੀ ਕਰਨ ਦੀ ਲੋੜ ਪਵੇਗੀ:

1. ਆਪਣੇ ਡਾਕਟਰੀ ਅਲਾਰਮ ਨੂੰ, ਫਾਇਰ ਅਲਾਰਮ ਜਾਂ ਲਿਫਟ ਵਾਲੇ ਸੰਕਟ ਦੇ ਸਮੇਂ ਵਾਲੇ ਫ਼ੋਨ ਨੂੰ **nbn** ਦੇ ਨਾਲ **nbn.com.au/compatibility** ਉੱਤੇ ਰਜਿਸਟਰ ਕਰੋ। ਇਹ **nbn** ਨੂੰ ਪਛਾਣ ਕਰਨ ਵਿੱਚ ਮਦਦ ਕਰਦਾ ਹੈ, ਕਿ ਸੇਵਾ ਬੰਦ ਕਰਨ ਦੇ ਅੰਤਰਾਲ ਨੂੰ ਘੱਟ ਤੋਂ ਘੱਟ ਕਰਨ ਵਿੱਚ ਮਦਦ ਕਰਨ ਲਈ ਸਹਾਇਤਾ ਦੀ ਲੋੜ ਕਿੱਥੇ ਹੋ ਸਕਦੀ ਹੈ।
2. ਇਹ ਜਾਂਚ ਕਰਨ ਲਈ ਸਾਜ਼ੋ-ਸਾਮਾਨ ਦੇ ਪ੍ਰਦਾਤਾ/ਨਿਰਮਾਤਾ ਨੂੰ ਫੋਨ ਕਰਕੇ ਪਤਾ ਕਰੋ ਕਿ ਕੀ ਇਹ **nbn**™ ਨੈੱਟਵਰਕ ਦੇ ਨਾਲ ਕੰਮ ਕਰੇਗਾ, ਜਾਂ ਕੀ ਤੁਹਾਨੂੰ ਕੋਈ ਹੋਰ ਵਿਕਲਪਕ ਹੱਲ ਲੱਭਣ ਦੀ ਲੋੜ ਪਵੇਗੀ।

### ਬਿਜਲੀ ਦਾ ਚਲੇ ਜਾਣਾ

**nbn**™ ਨੈੱਟਵਰਕ ਨਾਲ ਜੁੜੇ ਉਪਕਰਣ ਬਿਜਲੀ ਚਲੇ ਜਾਣ ਦੇ ਦੌਰਾਨ ਕੰਮ ਨਹੀਂ ਕਰਨਗੇ। ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਸੰਚਾਰ ਕਰਨ ਦਾ ਕੀ ਵਿਕਲਪਕ ਤਰੀਕਾ ਹੈ (ਜਿਵੇਂ ਕਿ ਚਾਰਜ ਕੀਤਾ ਹੋਇਆ ਮੋਬਾਈਲ ਫ਼ੋਨ)।

**ਵਧੇਰੇ ਜਾਣਕਾਰੀ ਵਾਸਤੇ, nbn.com.au/compatibility ਉੱਤੇ ਜਾਓ**

*nbn™ ਨੈੱਟਵਰਕ ਦੇ ਲਾਗੂ ਹੋਣ ਵਿੱਚ ਨਵੀਆਂ ਤਕਨੀਕਾਂ ਸ਼ਾਮਲ ਹੋਣਗੀਆਂ, ਅਤੇ ਕੁਝ ਮੌਜੂਦਾ ਡਿਵਾਈਸਾਂ, ਜਿੰਨ੍ਹਾਂ ਵਿੱਚ ਕਈ ਮੈਡੀਕਲ ਅਲਾਰਮ ਵੀ ਸ਼ਾਮਲ ਹਨ, ਹੋ ਸਕਦਾ ਹੈ ਕਿ ਇਹਨਾਂ ਦੇ ਨਾਲ ਹਰ ਸਮੇਂ ਸੁਮੇਲ ਨਾ ਖਾਂਦੇ ਹੋਣ। ਤੁਹਾਨੂੰ ਇਹ ਪਤਾ ਕਰਨ ਲਈ ਆਪਣੇ ਸਾਜ਼ੋ-ਸਾਮਾਨ ਦੇ ਪ੍ਰਦਾਤਾ ਨਾਲ ਸੰਪਰਕ ਕਰਨਾ ਚਾਹੀਦਾ ਹੈ, ਕਿ ਕੀ ਤੁਹਾਡਾ ਅਲਾਰਮ ਜਾਂ ਹੋਰ ਸਾਜ਼ੋ-ਸਾਮਾਨ nbn™ ਨੈੱਟਵਰਕ ਨਾਲ ਜੁੜਨ ਤੇ ਕੰਮ ਕਰੇਗਾ ਅਤੇ ਕਿਹੜੇ ਵਿਕਲਪਕ ਹੱਲ ਉਪਲਬਧ ਹਨ। ਵਧੇਰੇ ਜਾਣਕਾਰੀ ਵਾਸਤੇ, nbn.com.au/compatibility ਉੱਤੇ ਜਾਓ

# ਆਪਣੇ ਆਪ ਨੂੰ ਘੋਟਾਲਿਆਂ ਤੋਂ ਬਚਾਓ

## ਹੇਠ ਲਿਖਿਆਂ ਨੂੰ ਜਾਨਣਾ ਤੁਹਾਨੂੰ ਮਹੱਤਵਪੂਰਣ ਵੇਰਵਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰੇਗਾ:

- **nbn** ਭੁਗਤਾਨ ਦੀ ਬੇਨਤੀ ਕਰਨ ਲਈ ਕਦੇ ਵੀ ਬੇਲੋੜੇ ਫੋਨ ਨਹੀਂ ਕਰੇਗੀ ਜਾਂ ਦਰਵਾਜ਼ੇ ਉੱਤੇ ਦਸਤਕ ਨਹੀਂ ਦੇਵੇਗੀ।
- **nbn** ਤੁਹਾਨੂੰ ਕਨੈਕਸ਼ਨ ਕੱਟਣ ਦੀਆਂ ਤਰੀਕਾਂ ਬਾਰੇ ਸੂਚਿਤ ਕਰਨ ਲਈ ਕਦੇ ਵੀ 'ਰੋਬੋਕਾਲਾਂ' ਜਾਂ ਸਵੈਚਾਲਿਤ ਸਹਾਇਤਾ ਫੋਨ ਕਾਲ ਦੀ ਵਰਤੋਂ ਨਹੀਂ ਕਰੇਗੀ।
- **nbn** ਕਦੇ ਵੀ ਟੀਮ ਵਿਊਅਰ (TeamViewer) ਵਰਗੇ ਪ੍ਰੋਗਰਾਮਾਂ ਦੀ ਸਥਾਪਨਾ ਰਾਹੀਂ ਤੁਹਾਡੇ ਕੰਪਿਊਟਰ ਤੱਕ ਰਿਮੋਟ ਪਹੁੰਚ ਕਰਨ ਦੀ ਮੰਗ ਨਹੀਂ ਕਰੇਗਾ।
- **nbn** ਇੱਕ ਥੋਕ ਵਿਕਰੇਤਾ ਹੈ, ਇਸ ਦਾ ਮਤਲਬ ਤੁਹਾਨੂੰ ਇੱਕ **nbn**™ ਤੋਂ ਸੰਚਾਲਿਤ ਯੋਜਨਾ ਨੂੰ ਫ਼ੋਨ ਅਤੇ ਇੰਟਰਨੈੱਟ ਪ੍ਰਦਾਤਾ ਰਾਹੀਂ ਖਰੀਦਣ ਦੀ ਲੋੜ ਪਵੇਗੀ।
- **nbn** ਨੈੱਟਵਰਕ ਨੂੰ ਲਾਗੂ ਕਰਨ ਦੇ ਹਿੱਸੇ ਵਜੋਂ ਤੁਹਾਡੇ ਨਾਲ ਸਿੱਧੇ ਤੌਰ ਤੇ ਸੰਪਰਕ ਕਰ ਸਕਦਾ ਹੈ, ਪਰ ਉਹ ਕਦੇ ਵੀ ਤੁਹਾਨੂੰ **nbn**™ ਤੋਂ ਸੰਚਾਲਿਤ ਯੋਜਨਾ ਖਰੀਦਣ ਲਈ ਨਹੀਂ ਕਹੇਗਾ।
- ਜੇ ਤੁਸੀਂ ਮੈਡੀਕਲ ਅਲਾਰਮ ਜਾਂ ਅੱਗ (ਫਾਇਰ) ਅਤੇ ਲਿਫਟ ਰਜਿਸਟਰ (MAR) ਉੱਤੇ ਹੋ, **nbn** ਤੁਹਾਨੂੰ ਫੋਨ ਕਰ ਸਕਦਾ ਹੈ। ਪਰ ਇਹ ਕਦੇ ਵੀ ਭੁਗਤਾਨ ਜਾਂ ਬੈਂਕ ਖਾਤੇ ਦੇ ਵੇਰਵਿਆਂ ਵਾਸਤੇ ਨਹੀਂ ਪੁੱਛੇਗਾ।
- **nbn**™ ਮਾਨਤਾ ਪ੍ਰਾਪਤ ਸਾਰੇ ਤਕਨੀਸ਼ੀਅਨ ਅਤੇ ਕਾਮੇ enAble™ ਪਛਾਣ ਪੱਤਰ ਨਾਲ ਲੈ ਕੇ ਜਾਂਦੇ ਹਨ। ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ, ਤਾਂ ਇਸ ਨੂੰ ਦੇਖਣ ਲਈ ਕਹੋ।

ਵਧੇਰੇ ਜਾਣਕਾਰੀ ਵਾਸਤੇ,
**nbn.com.au/scamadvice ਉੱਤੇ ਜਾਓ**



### ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਆਪਣੇ ਵੇਰਵੇ ਕਿਸੇ ਘੋਟਾਲੇਬਾਜ਼ ਨੂੰ ਦੇ ਦਿੱਤੇ ਹਨ:

1. ਆਪਣੇ ਬੈਂਕ ਜਾਂ ਵਿੱਤੀ ਸੰਸਥਾ ਨਾਲ ਤੁਰੰਤ ਸੰਪਰਕ ਕਰੋ
2. ਮਾਮਲੇ ਦੀ ਰਿਪੋਰਟ ਆਪਣੀ ਸਥਾਨਕ ਪੁਲਿਸ ਨੂੰ ਕਰੋ
3. ਜੇਕਰ ਤੁਸੀਂ ਸੋਚਦੇ ਹੋ ਕਿ ਤੁਸੀਂ ਆਪਣੇ ਕੰਪਿਊਟਰ ਤੱਕ ਘੋਟਾਲੇਬਾਜ਼ ਨੂੰ ਰਿਮੋਟ ਐਕਸੈਸ ਦਿੱਤੀ ਹੈ ਤਾਂ IDCARE ਨੂੰ **1800 595 160** ਉੱਤੇ ਸੰਪਰਕ ਕਰੋ

ਦੂਸਰਿਆਂ ਦੀ ਰੱਖਿਆ ਕਰਨ ਲਈ, **scamwatch.gov.au** ਰਾਹੀਂ ਆਸਟ੍ਰੇਲੀਅਨ ਕੰਪੀਟੀਸ਼ਨ ਐਂਡ ਕੰਜ਼ਿਊਮਰ ਕਮਿਸ਼ਨ (ACCC) ਨੂੰ ਘੋਟਾਲਿਆਂ ਦੀ ਰਿਪੋਰਟ ਕਰੋ



# ਤੁਹਾਡੇ ਤਰਜੀਹੀ ਪ੍ਰਦਾਤਾ ਨੂੰ ਪੁੱਛਣ ਲਈ ਸਵਾਲ

?

- ਤੁਸੀਂ ਮੇਰੇ ਵਾਸਤੇ ਕਿਹੜੀ ਯੋਜਨਾ ਦਾ ਸੁਝਾਅ ਦਿਓਗੇ?
- ਕਨੈਕਸ਼ਨ ਦੀ ਲਾਗਤ ਕਿੰਨੀ ਹੋਵੇਗੀ ਅਤੇ ਕੀ ਤੁਸੀਂ ਕੋਈ ਵਾਧੂ ਸਥਾਪਨਾ ਫੀਸਾਂ ਵਸੂਲਦੇ ਹੋ?
- ਕੀ ਮੇਰਾ ਵਰਤਮਾਨ ਮੋਡਮ **nbn**™ ਨੈੱਟਵਰਕ ਨਾਲ ਕੰਮ ਕਰੇਗਾ?
- ਕੀ ਮੇਰਾ ਵਰਤਮਾਨ ਘਰ ਦਾ ਫ਼ੋਨ **nbn**™ ਨੈੱਟਵਰਕ ਨਾਲ ਕੰਮ ਕਰੇਗਾ?
- ਕੀ ਮੈਂ ਆਪਣਾ ਘਰ ਦਾ ਵਰਤਮਾਨ ਫ਼ੋਨ ਨੰਬਰ ਰੱਖ ਸਕਦਾ ਹਾਂ?
- ਮੈਂ **nbn**™ ਨੈੱਟਵਰਕ ਨਾਲ ਇਕ ਤੋਂ ਵਧੇਰੇ ਫ਼ੋਨਾਂ ਨੂੰ ਕਿਵੇਂ ਕਨੈਕਟ ਕਰ ਸਕਦਾ ਹਾਂ?
- ਕੀ ਮੇਰਾ ਕਨੈਕਟ ਕੀਤਾ ਸਾਜ਼ੋ-ਸਾਮਾਨ ਕਿਸੇ ਅਜਿਹੀ ਯੋਜਨਾ ਉੱਤੇ ਕੰਮ ਕਰੇਗਾ ਜੋ **nbn**™ ਨੈੱਟਵਰਕ ਦੀ ਵਰਤੋਂ ਕਰਦੀ ਹੈ?
- ਜੇ ਮੇਰੀਆਂ ਸੇਵਾਵਾਂ ਪ੍ਰਭਾਵਿਤ ਹੁੰਦੀਆਂ ਹਨ, ਅਤੇ ਮੈਂ **nbn**™ ਨੈੱਟਵਰਕ ਨਾਲ ਕਨੈਕਟ ਨਹੀਂ ਕਰਨਾ ਚਾਹੁੰਦਾ, ਤਾਂ ਮੇਰੇ ਹੋਰ ਵਿਕਲਪ ਕੀ ਹਨ?

ਵਧੇਰੇ ਜਾਣਕਾਰੀ ਵਾਸਤੇ,
nbn.com.au/support ਉੱਤੇ ਜਾਓ



# ਟਿੱਪਣੀਆਂ

# ਤੁਹਾਡੀ ਕੁਨੈਕਸ਼ਨ ਜਾਂਚ ਸੂਚੀ

- [ ] ਮੈਂ **nbn.com.au/check** ਉੱਤੇ ਜਾ ਕੇ ਜਾਂਚ ਕੀਤੀ ਹੈ ਕਿ ਮੇਰਾ ਘਰ **nbn**™ ਨੈੱਟਵਰਕ ਨਾਲ ਕਨੈਕਟ ਹੋ ਸਕਦਾ ਹੈ

- [ ] ਮੈਂ **nbn.com.au/compatibility** ਉੱਤੇ ਜਾ ਕੇ **nbn** ਕੋਲ ਕਿਸੇ ਵੀ ਸੁਰੱਖਿਆ ਲਈ ਅਹਿਮ ਸਾਜ਼ੋ-ਸਾਮਾਨ ਨੂੰ ਰਜਿਸਟਰ ਕੀਤਾ ਹੈ *

- [ ] ਆਪਣੀਆਂ ਪ੍ਰਭਾਵਿਤ ਸੇਵਾਵਾਂ ਨੂੰ **nbn**™ ਤੋਂ ਸੰਚਾਲਿਤ ਯੋਜਨਾ ਨਾਲ ਜੋੜਨ ਲਈ ਮੈਂ ਕਿਸੇ ਫ਼ੋਨ ਅਤੇ/ਜਾਂ ਇੰਟਰਨੈੱਟ ਪ੍ਰਦਾਤਾ ਨਾਲ ਸੰਪਰਕ ਕੀਤਾ ਹੈ ਜੋ ਮੇਰੀਆਂ ਲੋੜਾਂ ਦੇ ਅਨੁਸਾਰ ਹੈ।^

- [ ] ਮੈਂ ਪੰਨਾ 8 ਉੱਤੇ ਦਿੱਤੇ ਸੁਝਾਵਾਂ ਦੀ ਵਰਤੋਂ ਕਰਕੇ ਆਪਣੇ ਘਰ ਦੇ ਇੰਟਰਨੈੱਟ ਸੈੱਟਅੱਪ ਨੂੰ ਵਧੀਆ ਬਣਾਇਆ ਹੈ।

## ਕੀ ਅੰਗਰੇਜ਼ੀ ਤੁਹਾਡੀ ਦੂਜੀ ਭਾਸ਼ਾ ਹੈ?

ਅਨੁਵਾਦ ਅਤੇ ਦੁਭਾਸ਼ੀਆ ਸੇਵਾ ਨਾਲ **131 450** ਉੱਤੇ ਸੰਪਰਕ ਕਰੋ ਜਾਂ ਵਧੇਰੇ ਜਾਣਕਾਰੀ ਵਾਸਤੇ **nbn.com.au/multilingual** ਉੱਤੇ ਜਾਓ

*nbn™ ਨੈੱਟਵਰਕ ਦੇ ਲਾਗੂ ਹੋਣ ਵਿੱਚ ਨਵੀਆਂ ਤਕਨੀਕਾਂ ਸ਼ਾਮਲ ਹੋਣਗੀਆਂ, ਅਤੇ ਕੁਝ ਮੌਜੂਦਾ ਡਿਵਾਈਸਾਂ, ਜਿੰਨ੍ਹਾਂ ਵਿੱਚ ਕਈ ਮੈਡੀਕਲ ਅਲਾਰਮ ਵੀ ਸ਼ਾਮਲ ਹਨ, ਹੋ ਸਕਦਾ ਹੈ ਕਿ ਇਹਨਾਂ ਦੇ ਨਾਲ ਹਰ ਸਮੇਂ ਸੁਮੇਲ ਨਾ ਖਾਂਦੇ ਹੋਣ। ਤੁਹਾਨੂੰ ਇਹ ਪਤਾ ਕਰਨ ਲਈ ਆਪਣੇ ਸਾਜ਼ੋ-ਸਾਮਾਨ ਦੇ ਪ੍ਰਦਾਤਾ ਨਾਲ ਸੰਪਰਕ ਕਰਨਾ ਚਾਹੀਦਾ ਹੈ, ਕਿ ਕੀ ਤੁਹਾਡਾ ਅਲਾਰਮ ਜਾਂ ਹੋਰ ਸਾਜ਼ੋ-ਸਾਮਾਨ **nbn**™ ਨੈੱਟਵਰਕ ਨਾਲ ਜੁੜਨ ਤੇ ਕੰਮ ਕਰੇਗਾ ਅਤੇ ਕਿਹੜੇ ਵਿਕਲਪਕ ਹੱਲ ਉਪਲਬਧ ਹਨ। ਵਧੇਰੇ ਜਾਣਕਾਰੀ ਵਾਸਤੇ, nbn.com.au/compatibility ਉੱਤੇ ਜਾਓ

^**nbn**™ ਨੈੱਟਵਰਕ ਉੱਤੇ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਬਹੁਤੀਆਂ ਮੌਜੂਦਾ ਲੈਂਡਲਾਈਨ ਨੈੱਟਵਰਕਾਂ ਉੱਤੇ ਪ੍ਰਦਾਨ ਕੀਤੀਆਂ ਫ਼ੋਨ ਅਤੇ ਇੰਟਰਨੈੱਟ ਸੇਵਾਵਾਂ ਨੂੰ ਬਦਲ ਦੇਣਗੀਆਂ, ਜਿਸ ਵਿੱਚ ਤਾਂਬੇ ਅਤੇ ਸਥਿਰ ਲਾਈਨ ਦੇ ਖੁਰਾ ਖੋਜ ਦੇ ਅੰਦਰ ਜ਼ਿਆਦਾਤਰ HFC ਨੈੱਟਵਰਕ ਸ਼ਾਮਲ ਹਨ। ਬੰਦ ਹੋਣ ਦੀ ਤਰੀਕ ਬਦਲਣ ਦੇ ਅਧੀਨ ਹੈ। ਵਧੇਰੇ ਜਾਣਕਾਰੀ ਵਾਸਤੇ, nbn.com.au/switchoff ਉੱਤੇ ਜਾਓ

© 2021 nbn co ltd. 'nbn', 'Sky Muster' ਅਤੇ nbn ਲੋਗੋ nbn Co Ltd ਦੇ ਵਪਾਰਕ ਚਿੰਨ੍ਹ ਹਨ | ABN 86 136 533 741

2130077_PUN_OB